**ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ**
(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਈ-ਬਲਾਕ, ਐਸ.ਏ.ਐਸ ਨਗਰ)
**ਅਮਲਾ-2 ਸ਼ਾਖਾ**
email id- adsadpi@punjabeducation.gov.in

ਮਿਤੀ: 24.09.2024

## ਪਬਲਿਕ ਨੋਟਿਸ

ਸਿੱਖਿਆ ਵਿਭਾਗ ਵੱਲੋਂ ਇਸ਼ਤਿਹਾਰ ਮਿਤੀ 16.12.2021/ 08.01.2022 ਰਾਹੀਂ 4161 ਮਾਸਟਰ ਕਾਡਰ ਭਰਤੀ ਸਬੰਧੀ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ। ਇਨ੍ਹਾਂ ਇਸ਼ਤਿਹਾਰਿਤ ਅਸਾਮੀਆਂ ਵਿੱਚੋਂ 168 ਡੀ.ਪੀ.ਈ (ਹੁਣ ਫਿਜੀਕਲ ਐਜੂਕੇਸ਼ਨ ਮਾਸਟਰ/ਮਿਸਟ੍ਰੈਸ) ਅਸਾਮੀਆਂ ਵਿਰੁੱਧ ਮਿਤੀ 30.08.2023 ਨੂੰ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਜਾਰੀ ਕੀਤੀ ਗਈ ਸਿਲੈਕਸ਼ਨ ਸੂਚੀ ਅਨੁਸਾਰ ਯੋਗ ਉਮੀਦਵਾਰਾਂ ਨੂੰ ਮਿਤੀ 01.09.2023 ਰਾਹੀਂ ਨਿਯੁਕਤੀ ਪੱਤਰ/ ਪੋਸਟਿੰਗ ਆਡਰ ਜਾਰੀ ਕੀਤੇ ਗਏ ਸਨ।

ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ 168 ਡੀ.ਪੀ.ਈ (ਹੁਣ ਫਿਜੀਕਲ ਐਜੂਕੇਸ਼ਨ ਮਾਸਟਰ/ਮਿਸਟ੍ਰੈਸ) ਦੀ ਜਾਰੀ ਕੀਤੀ ਸਿਲੈਕਸ਼ਨ ਸੂਚੀ ਵਿਰੁੱਧ ਉਮੀਦਵਾਰਾਂ ਵੱਲੋਂ ਸਿ.ਰਿ.ਪ 18522 ਆਫ 2023 ਅਮਨਦੀਪ ਸਾਗਰ ਅਤੇ ਹੋਰ ਕਨੈਕਟਡ ਕੇਸ ਦਾਇਰ ਕੀਤੇ ਗਏ, ਜਿੰਨ੍ਹਾਂ ਵਿੱਚ ਸੁਣਵਾਈ ਕਰਦੇ ਹੋਏ ਮਾਨਯੋਗ ਹਾਈਕੋਰਟ ਵੱਲੋਂ ਮਿਤੀ 01.09.2023 ਰਾਹੀਂ ਜਾਰੀ ਕੀਤੇ ਗਏ ਨਿਯੁਕਤੀ ਪੱਤਰ/ ਪੋਸਟਿੰਗ ਆਡਰਾਂ ਤੇ ਉਮੀਦਵਾਰਾਂ ਦੀ ਸਕੂਲਾਂ ਵਿੱਚ ਹਾਜਰੀ ਤੇ ਸਟੇਅ ਲਗਾ ਦਿੱਤੀ ਗਈ ਸੀ। ਇਸ ਉਪਰੰਤ ਮਾਨਯੋਗ ਹਾਈਕੋਰਟ ਵੱਲੋਂ ਇਸ ਕੇਸ ਵਿੱਚ ਮਿਤੀ 30.01.2024 ਨੂੰ ਫੈਸਲਾ ਕਰਦੇ ਹੋਏ ਮੈਰਿਟ ਸੂਚੀ ਰਿਵਾਇਜ ਕਰਨ ਦੇ ਹੁਕਮ ਕੀਤੇ ਗਏ ਸਨ। ਮਾਨਯੋਗ ਹਾਈਕੋਰਟ ਦੇ ਹੁਕਮ ਮਿਤੀ 30.01.2024 ਨੂੰ ਵਿਭਾਗ ਵੱਲੋਂ ਐਲ.ਪੀ.ਏ ਨੰ: 992 ਆਫ 2024 ਰਾਹੀਂ ਚੈਲੈਂਜ ਕੀਤਾ ਗਿਆ। ਮਾਨਯੋਗ ਹਾਈਕੋਰਟ ਵੱਲੋਂ ਵਿਭਾਗ ਵੱਲੋਂ ਦਾਇਰ ਕੀਤੀ ਗਈ ਐਲ.ਪੀ.ਏ ਨੰ: 992 ਆਫ 2024 ਮਿਤੀ 14.05.2024 ਨੂੰ ਡਿਸਮਿਸ ਕਰਦੇ ਹੋਏ ਸਿ.ਰਿ.ਪ ਨੰ: 18522 ਆਫ 2023 ਵਿੱਚ ਕੀਤੇ ਗਏ ਫ਼ੈਸਲੇ ਨੂੰ ਬਰਕਰਾਰ ਰੱਖਿਆ ਗਿਆ।

ਮਾਨਯੋਗ ਹਾਈਕੋਰਟ ਵੱਲੋਂ ਉਕਤ ਕੇਸਾਂ ਵਿੱਚ ਕੀਤੇ ਗਏ ਫੈਸਲੇ ਦੇ ਸਨਮੁੱਖ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ 168 ਡੀ.ਪੀ.ਈ (ਹੁਣ ਫਿਜੀਕਲ ਐਜੂਕੇਸ਼ਨ ਮਾਸਟਰ/ਮਿਸਟ੍ਰੈਸ) ਦੀ ਸਿਲੈਕਸ਼ਨ ਸੂਚੀ ਰਿਵਾਇਜ ਕਰਦੇ ਹੋਏ ਮਿਤੀ 29.07.2024 ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਜਾ ਚੁੱਕੀ ਹੈ।

ਮਾਨਯੋਗ ਹਾਈਕੋਰਟ ਵੱਲੋਂ ਉਕਤ ਕੇਸਾਂ ਵਿੱਚ ਕੀਤੇ ਗਏ ਫੈਸਲੇ ਅਤੇ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ 168 ਡੀ.ਪੀ.ਈ (ਹੁਣ ਫਿਜੀਕਲ ਐਜੂਕੇਸ਼ਨ ਮਾਸਟਰ/ ਮਿਸਟ੍ਰੈਸ) ਦੀ ਪ੍ਰਾਪਤ ਹੋਈ ਰੀਵਾਇਜਡ ਮੈਰਿਟ ਸੂਚੀ ਦੇ ਸਨਮੁੱਖ ਇਸ ਦਫਤਰ ਦੇ ਹੁਕਮ ਨੰ. 274270 ਮਿਤੀ 01.09.2023 ਰਾਹੀਂ ਪਹਿਲਾਂ ਜਾਰੀ ਕੀਤੇ ਗਏ ਨਿਯੁਕਤੀ ਪੱਤਰ ਰੱਦ ਕੀਤੇ ਜਾਂਦੇ ਹਨ।

ਮਾਨਯੋਗ ਹਾਈਕੋਰਟ ਵੱਲੋਂ ਸਿ.ਰਿ.ਪ ਨੰ. 18522 ਆਫ 2023 ਅਤੇ ਐਲ.ਪੀ.ਏ ਨੰ. 992 ਆਫ 2024 ਵਿੱਚ ਕ੍ਰਮਵਾਰ ਮਿਤੀ 30.01.2024 ਅਤੇ 14.05.2024 ਨੂੰ ਕੀਤੇ ਫੈਸਲਿਆਂ ਦੇ ਸਨਮੁੱਖ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਤੋਂ ਮਿਤੀ 29.07.2024 ਰਾਹੀਂ ਰਿਵਾਈਜ ਕੀਤੀ ਮੈਰਿਟ ਅਨੁਸਾਰ 168 ਡੀ.ਪੀ.ਈ (ਹੁਣ ਫਿਜੀਕਲ ਐਜੂਕੇਸ਼ਨ ਮਾਸਟਰ/ ਮਿਸਟ੍ਰੈਸ) ਅਸਾਮੀਆਂ ਵਿਰੁੱਧ ਨਵੇਂ ਨਿਯੁਕਤੀ ਪੱਤਰ ਜਾਰੀ ਕਰਨ ਸਬੰਧੀ ਪਬਲਿਕ ਨੋਟਿਸ ਜਲਦ ਹੀ ਵੱਖਰੇ ਤੌਰ ਤੇ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤਾ ਜਾਵੇਗਾ।

**ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ**

Scanned with OKEN Scanner